ਪੀਐੱਮ-ਸੇਤੂ ਦਾ ਉਦੇਸ਼ ਹੱਬ-ਐਂਡ-ਸਪੋਕ ਮਾਡਲ ਅਤੇ ਉਦਯੋਗ-ਅਨੁਸਾਰ ਟ੍ਰੇਨਿੰਗ ਰਾਹੀਂ 1,000 ਸਰਕਾਰੀ ਆਈਟੀਆਈ ਦਾ ਅਤਿ-ਆਧੁਨਿਕ ਬਣਾਉਣਾ ਹੈ। ਇਸ ਯੋਜਨਾ ਦੇ ਤਹਿਤ ਰਾਸ਼ਟਰੀ ਉੱਤਮਤਾ ਕੇਂਦਰਾਂ ਰਾਹੀਂ 5 ਰਾਸ਼ਟਰੀ ਹੁਨਰ ਸਿਖਲਾਈ ਸੰਸਥਾਨਾਂ (ਐੱਨਐੱਸਟੀਆਈ) ਦੀ ਸਮਰੱਥਾ ਵਧਾਉਣ ਦਾ ਵੀ ਪ੍ਰਾਵਧਾਨ ਹੈ। ਰਣਨੀਤਕ ਨਿਵੇਸ਼ ਯੋਜਨਾਵਾਂ, ਵਿਸ਼ੇਸ਼ ਮਕਸਦ ਵਾਲੇ ਵਾਹਨਾਂ (ਐੱਸਪੀਵੀ) ਅਤੇ ਐਂਕਰ ਇੰਡਸਟ੍ਰੀ ਪਾਰਟਨਰਸ ਰਾਹੀਂ ਉਦਯੋਗ ਦੀ ਭਾਗੀਦਾਰੀ ਯਕੀਨੀ ਬਣਾਈ ਗਈ ਹੈ। ਇਸ ਯੋਜਨਾ ਵਿੱਚ ਉਭਰਦੀਆਂ ਤਕਨਾਲੋਜੀਆਂ ਅਤੇ ਕਾਰੋਬਾਰਾਂ ਨਾਲ ਸਬੰਧਿਤ ਨਵੇਂ ਦੌਰ ਦੇ ਪਾਠਕ੍ਰਮ ਸ਼ੁਰੂ ਕੀਤੇ ਗਏ ਹਨ। ਚੋਣ ਕੀਤੇ ਐੱਨਐੱਸਟੀਆਈ ਵਿੱਚ ਉੱਨਤ ਹੁਨਰ ਸਿਖਲਾਈ ਲਈ ਅੰਤਰਰਾਸ਼ਟਰੀ ਸਾਂਝੇਦਾਰੀਆਂ ਵੀ ਸਹਿਯੋਗ ਪ੍ਰਦਾਨ ਕਰ ਰਹੀਆਂ ਹਨ। ਰਾਜ ਪੱਧਰੀ ਸੰਚਾਲਨ ਕਮੇਟੀਆਂ ਅਤੇ ਉਦਯੋਗ ਦੀ ਭਾਗੀਦਾਰੀ ਰਾਹੀਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਇਸ ਦੇ ਲਾਗੂਕਰਨ ਦਾ ਵੀ ਵਿਸਤਾਰ ਕੀਤਾ ਗਿਆ ਹੈ। **ਇੱਕ ਸਾਲ ਦੀ ਤਰੱਕੀ ਦੇ ਤਹਿਤ 850 ਆਈਟੀਆਈ ਦੀ ਪਛਾਣ ਅਤੇ 14 ਆਈਟੀਆਈ ਕਲਸਟਰਾਂ ਦੀ ਪ੍ਰਵਾਨਗੀ ਸ਼ਾਮਲ ਹੈ। ਪ੍ਰਸਤਾਵਿਤ ਹੁਨਰ ਪ੍ਰਯੋਗਸ਼ਾਲਾਵਾਂ ਵਿਦਿਆਰਥੀਆਂ ਨੂੰ ਕਿੱਤਾਮੁਖੀ ਸਿਖਲਾਈ ਅਤੇ ਹੁਨਰ ਦੇ ਖੇਤਰਾਂ ਵਿੱਚ ਵਿਵਹਾਰਕ ਅਨੁਭਵ ਦੇ ਮੌਕਿਆਂ ਨੂੰ ਹੋਰ ਵਧਾਏਗੀ।**

## ਹੁਨਰਮੰਦ ਕਾਰਜ-ਬਲ ਲਈ ITI ਵਿੱਚ ਬਦਲਾਅ

ਭਆਰਤ ਦੇ ਉਦਯੋਗਿਕ ਸਿਖਲਾਈ ਸੰਸਥਾਨ (ਆਈਟੀਆਈ) ਦੇਸ਼ ਦੇ ਵੋਕੇਸ਼ਨਲ ਟ੍ਰੇਨਿੰਗ ਈਕੋਸਿਸਟਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਹ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਸਾਰ ਵਿਵਹਾਰਕ ਹੁਨਰ ਪ੍ਰਦਾਨ ਕਰਦੇ ਹਨ। **ਜਿਵੇਂ-ਜਿਵੇਂ ਕਾਰਜਬਲ ਦੀਆਂ ਜ਼ਰੂਰਤਾਂ ਬਦਲ ਰਹੀਆਂ ਹਨ, ਉਸੇ ਤਰ੍ਹਾਂ ਹੀ ਕਿੱਤਾਮੁਖੀ ਸਿਖਲਾਈ ਦੀ ਗੁਣਵੱਤਾ, ਪ੍ਰਸੰਗਿਕਤਾ ਅਤੇ ਉਦਯੋਗ-ਅਧਾਰਿਤ ਸੁਭਾਅ ਨੂੰ ਮਜ਼ਬੂਤ ਕਰਨਾ ਵਧੇਰੇ ਮਹੱਤਵਪੂਰਨ ਹੋ ਗਿਆ ਹੈ।**

**ਇਸੇ ਪਿਛੋਕੜ ਵਿੱਚ, ਪੀਐੱਮ-ਸੇਤੂ (ਪ੍ਰਧਾਨ ਮੰਤਰੀ ਸਕਿੱਲਿੰਗ ਐਂਡ ਐਮਪਲੋਇਬਿਲਿਟੀ ਟ੍ਰਾਂਸਫੋਰਮੇਸ਼ਨ ਥ੍ਰੂ ਅਪਗ੍ਰੇਡੇਡ ਆਈਟੀਆਈ) 4 ਅਕਤੂਬਰ , 2025 ਨੂੰ ਸ਼ੁਰੂ ਕੀਤਾ ਗਿਆ।** ਇਹ ਯੋਜਨਾ ਸਰਕਾਰੀ ITIs ਨੂੰ ਆਧੁਨਿਕ ਅਤੇ ਉਦਯੋਗ-ਅਨੁਸਾਰ ਸਿਖਲਾਈ ਸੰਸਥਾਵਾਂ ਵਿੱਚ ਤਬਦੀਲ ਕਰਕੇ ਕਿੱਤਾਮੁਖੀ ਸਿਖਲਾਈ ਦੀ ਸਮੁੱਚੀ ਗੁਣਵੱਤਾ ਅਤੇ ਪ੍ਰਸੰਗਿਕਤਾ ਨੂੰ ਵਧਾਉਂਦੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਉਦਯੋਗ-ਅਗਵਾਈ ਵਾਲੇ ਸ਼ਾਸਨ ਨੂੰ ਮਜ਼ਬੂਤ ਕਰਨਾ, ਸਿਖਲਾਈ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ ਅਤੇ ਕਾਰਜਬਲ ਦੀਆਂ ਬਦਲਦੀਆਂ ਜ਼ਰੂਰਤਾਂ ਦੇ ਅਨੁਸਾਰ ਮੰਗ-ਅਧਾਰਿਤ ਪਾਠਕ੍ਰਮਾਂ ਨੂੰ ਹੁਲਾਰਾ ਦੇਣਾ ਹੈ। ਯੋਜਨਾ ਦਾ ਕੁੱਲ ਖਰਚ **60,000 ਕਰੋੜ ਰੁਪਏ** ਹੈ, ਜਿਸ ਵਿੱਚ ਕੇਂਦਰ ਸਰਕਾਰ ਵੱਲੋਂ 30,000 ਕਰੋੜ ਰੁਪਏ, ਰਾਜਾਂ ਵੱਲੋਂ 20,000 ਕਰੋੜ ਰੁਪਏ ਅਤੇ ਉਦਯੋਗ ਵੱਲੋਂ 10,000 ਕਰੋੜ ਰੁਪਏ ਸ਼ਾਮਲ ਹਨ। **ਇਹ ਯੋਜਨਾ 4 ਅਕਤੂਬਰ 2026 ਨੂੰ ਇੱਕ ਸਾਲ ਪੂਰਾ ਕਰ ਰਹੀ ਹੈ।**

## ਆਈਟੀਆਈ: ਹੁਨਰਮੰਦ ਕਾਰਜਬਲ ਦੀ ਨੀਂਹ ਤਿਆਰ ਕਰਨਾ

ਆਈਟੀਆਈ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਉਦਯੋਗ ਲਈ ਵਿਵਹਾਰਕ ਹੁਨਰਾਂ ਨਾਲ ਲੈਸ ਕਰਨ ਲਈ ਕਿੱਤਾਮੁਖੀ ਸਿਖਲਾਈ ਪ੍ਰਦਾਨ ਕਰਦੇ ਹਨ। **ਸ਼ਿਲਪਕਾਰ ਸਿਖਲਾਈ ਯੋਜਨਾ (ਸੀਟੀਐੱਸ)** ਦੇ ਤਹਿਤ, ਸਰਕਾਰੀ ਅਤੇ ਨਿਜੀ ਉਦਯੋਗਿਕ ਸਿਖਲਾਈ ਸੰਸਥਾਨਾਂ ਰਾਹੀਂ ਇੰਜੀਨੀਅਰਿੰਗ ਅਤੇ ਗੈਰ-ਇੰਜੀਨੀਅਰਿੰਗ ਵਪਾਰਾਂ ਵਿੱਚ ਸਿਖਲਾਈ ਦਿੱਤੀ ਜਾਂਦੀ ਹੈ। ਟ੍ਰੇਡ ਦੇ ਅਧਾਰ 'ਤੇ ਪਾਠਕ੍ਰਮ ਦੀ ਮਿਆਦ 6 ਮਹੀਨੇ ਤੋਂ 2 ਸਾਲ ਤੱਕ ਹੁੰਦੀ ਹੈ। ਡਾਇਰੈਕਟੋਰੇਟ ਜਨਰਲ ਆਫ਼ ਟ੍ਰੇਨਿੰਗ (ਡੀਜੀਟੀ), **ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (ਐੱਮਐੱਸਡੀਈ)** ਰਾਸ਼ਟਰੀ ਪੱਧਰ 'ਤੇ ਕਿੱਤਾਮੁਖੀ ਸਿਖਲਾਈ ਦੇ ਵਿਕਾਸ ਅਤੇ ਤਾਲਮੇਲ ਲਈ ਜ਼ਿੰਮੇਵਾਰ ਟੌਪ ਸੰਗਠਨ ਹੈ। ਇਸ ਦੇ ਕਾਰਜਾਂ ਵਿੱਚ ਨੀਤੀਆਂ, ਮਾਪਦੰਡਾਂ ਅਤੇ ਮਿਆਰਾਂ ਦਾ ਨਿਰਧਾਰਣ, ਪਾਠਕ੍ਰਮ ਵਿਕਾਸ, ਮਾਨਤਾ, ਇੰਸਟ੍ਰਕਟਰ ਸਿਖਲਾਈ ਅਤੇ ਵਪਾਰਕ

ਟੈਸਟਿੰਗ ਸ਼ਾਮਲ ਹਨ। ਆਈਟੀਆਈ **ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸਾਂ ਦੇ ਪ੍ਰਸ਼ਾਸਨਾਂ ਦੇ ਪ੍ਰਸ਼ਾਸਕੀ ਅਤੇ ਵਿੱਤੀ ਨਿਯੰਤਰਣ** ਅਧੀਨ ਹਨ ।

ਦੇਸ਼ ਵਿੱਚ ਸਰਕਾਰੀ ਅਤੇ ਨਿਜੀ ਆਈਟੀਆਈ ਸਮੇਤ ਆਈਟੀਆਈ ਦੀ ਕੁੱਲ ਗਿਣਤੀ 2014 ਵਿੱਚ 9,776 ਤੋਂ ਵਧ ਕੇ 2026 ਵਿੱਚ 13,888 ਹੋ ਗਈ ਹੈ, ਜੋ 42 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਦੇਸ਼ ਭਰ ਦੇ ਆਈਟੀਆਈ ਵਿੱਚ ਦਾਖਲਾ ਅਕਾਦਮਿਕ ਸੈਸ਼ਨ 2014-15 ਵਿੱਚ 9.51 ਲੱਖ ਤੋਂ ਵਧ ਕੇ ਅਕਾਦਮਿਕ ਸੈਸ਼ਨ 2025-26 ਵਿੱਚ 14.70 ਲੱਖ ਹੋ ਗਿਆ ਹੈ, **ਜੋ 54 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ।**

ਵਿਸਤਾਰ ਹੁੰਦਾ ਇਹ ਨੈੱਟਵਰਕ ਕਿੱਤਾਮੁੱਖੀ ਸਿਖਲਾਈ ਨੂੰ ਮਜ਼ਬੂਤ ਕਰਨ ਅਤੇ ਵੱਖ-ਵੱਖ ਖੇਤਰਾਂ ਵਿੱਚ ਹੁਨਰ ਦੀਆਂ ਬਦਲਦੀਆਂ ਜ਼ਰੂਰਤਾਂ ਦੇ ਅਨੁਸਾਰ ਇਸ ਨੂੰ ਢਾਲਣ ਲਈ ਇੱਕ ਵਿਆਪਕ ਸੰਸਥਾਗਤ ਅਧਾਰ ਪ੍ਰਦਾਨ ਕਰਦਾ ਹੈ।

## ਪੀਐੱਮ-ਸੇਤੂ ਕਿਸ ਤਰ੍ਹਾਂ ਆਈਟੀਆਈ ਵਿੱਚ ਬਦਲਾਅ ਲਿਆ ਰਹੀ ਹੈ

ਪੀਐੱਮ-ਸੇਤੂ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ, ਉਦਯੋਗ ਦੀ ਭਾਗੀਦਾਰੀ ਅਤੇ ਨਵੇਂ ਦੌਰ ਦੀ ਸਿਖਲਾਈ ਨੂੰ ਇਕੱਠੇ ਲਿਆ ਕੇ ਕਿੱਤਾਮੁਖੀ ਸਿੱਖਿਆ ਦੀ ਗੁਣਵੱਤਾ ਨੂੰ ਮਜ਼ਬੂਤ ਕਰਦਾ ਹੈ । ਇਹ ਪਰਿਵਰਤਨ ਦੋ ਵੱਖ-ਵੱਖ ਕੰਪੋਨੈਂਟਾਂ 'ਤੇ ਅਧਾਰਿਤ ਹੈ: ਜਿਸ ਵਿੱਚ ਪਹਿਲਾ ਕੰਪੋਨੈਂਟ ਸਰਕਾਰੀ ਆਈਟੀਆਈ 'ਤੇ ਅਤੇ ਦੂਜਾ ਰਾਸ਼ਟਰੀ ਹੁਨਰ ਸਿਖਲਾਈ ਸੰਸਥਾਨਾਂ (ਐੱਨਐੱਸਟੀਆਈ) 'ਤੇ ਕੇਂਦ੍ਰਿਤ ਹੈ।




- **ਕੰਪੋਨੈਂਟ- I ਵਿੱਚ 1,000 ਸਰਕਾਰੀ ਆਈਟੀਆਈ** ਸ਼ਾਮਲ ਹਨ, ਜਿਨ੍ਹਾਂ ਵਿੱਚ **200 ਹੱਬ ਆਈਟੀਆਈ ਅਤੇ 800 ਸਪੋਕ ਆਈਟੀਆਈ ਹਨ।** ਇਨ੍ਹਾਂ ਸੰਸਥਾਨਾਂ ਦਾ ਆਧੁਨਿਕ ਬੁਨਿਆਦੀ ਢਾਂਚਾ ਅਤੇ ਉਦਯੋਗ-ਅਨੁਸਾਰ ਸਿਖਲਾਈ ਨਾਲ ਹੱਬ-ਐਂਡ-ਸਪੋਕ ਮਾਡਲ ਰਾਹੀਂ ਆਧੁਨਿਕੀਕਰਣ ਕੀਤਾ ਜਾ ਰਿਹਾ ਹੈ। ਹਰੇਕ ਹੱਬ ਔਸਤਨ ਚਾਰ ਸਪੋਕਸ ਨਾਲ ਜੁੜਿਆ ਹੈ, ਜਿਸ ਨਾਲ ਉੱਨਤ ਬੁਨਿਆਦੀ ਢਾਂਚੇ, ਆਧੁਨਿਕ ਵਪਾਰਾਂ, ਡਿਜੀਟਲ ਸਿਖਲਾਈ ਪ੍ਰਣਾਲੀਆਂ ਅਤੇ ਇਨਕਿਊਬੇਸ਼ਨ ਸੁਵਿਧਾਵਾਂ ਤੱਕ ਸਾਂਝੀ ਪਹੁੰਚ ਸੰਭਵ ਹੋ ਰਹੀ ਹੈ ।

  ਹੱਬ ਵਿੱਚ ਨਵੀਨਤਾ ਕੇਂਦਰ, ਟ੍ਰੇਨਰਾਂ ਦੀ ਸਿਖਲਾਈ ਲਈ ਬੁਨਿਆਦੀ ਢਾਂਚਾ, ਉਤਪਾਦਨ ਇਕਾਈਆਂ ਅਤੇ ਪਲੇਸਮੈਂਟ ਸੇਵਾਵਾਂ ਵਰਗੀਆਂ ਸੁਵਿਧਾਵਾਂ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਸਪੋਕਸ ਸਿਖਲਾਈ ਤੱਕ ਪਹੁੰਚ ਦਾ ਵਿਸਤਾਰ ਕਰਦੇ ਹਨ ਅਤੇ ਸਿਖਿਆਰਥੀਆਂ ਨੂੰ ਆਪਣੇ-ਆਪਣੇ ਕਲਸਟਰਾਂ ਵਿੱਚ ਉਪਲਬਧ ਸਰੋਤਾਂ ਨਾਲ ਜੋੜਦੇ ਹਨ।

  ਇਹ ਮਾਡਲ ਸਮਾਰਟ ਕਲਾਸਰੂਮਾਂ, ਆਧੁਨਿਕ ਪ੍ਰਯੋਗਸ਼ਾਲਾਵਾਂ, ਡਿਜੀਟਲ ਸਮੱਗਰੀ ਅਤੇ ਉਦਯੋਗ-ਅਨੁਕੂਲ ਪਾਠਕ੍ਰਮਾਂ ਰਾਹੀਂ ਆਈਟੀਆਈ ਦੇ ਅਪਗ੍ਰੇਡੇਸ਼ਨ ਵਿੱਚ ਸਹਾਇਤਾ ਕਰ ਰਿਹਾ ਹੈ ।

- **ਕੰਪੋਨੈਂਟ II** ਭੁਵਨੇਸ਼ਵਰ, ਚੇੱਨਈ, ਹੈਦਰਾਬਾਦ, ਕਾਨਪੁਰ ਅਤੇ ਲੁਧਿਆਣਾ ਵਿੱਚ ਸਥਿਤ **5 ਰਾਸ਼ਟਰੀ ਹੁਨਰ ਸਿਖਲਾਈ ਸੰਸਥਾਵਾਂ (NSTIs)** ਦੀ ਸਮਰੱਥਾ ਵਧਾਉਣ 'ਤੇ ਕੇਂਦ੍ਰਿਤ ਹੈ। ਇਸ ਵਿੱਚ ਸੈਕਟਰ-ਵਿਸ਼ੇਸ਼ ਰਾਸ਼ਟਰੀ ਉੱਤਮਤਾ ਕੇਂਦਰਾਂ ਦੀ ਸਥਾਪਨਾ ਅਤੇ ਵਿਸ਼ਵਵਿਆਪੀ ਸਾਂਝੇਦਾਰੀਆਂ ਰਾਹੀਂ ਟ੍ਰੇਨਰਾਂ ਦੀ ਐਡਵਾਂਸਡ ਸਿਖਲਾਈ ਸ਼ਾਮਲ ਹੈ।

**ਪੀਐੱਮ-ਸੇਤੂ ਦਾ ਲਾਗੂ ਕਰਨ: ਰਾਜ, ਉਦਯੋਗ ਅਤੇ ਕੇਂਦਰ ਵਿਚਕਾਰ ਤਾਲਮੇਲ**

- ਸਬੰਧਿਤ **ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼** ਉਦਯੋਗ ਦੇ ਸਲਾਹ-ਮਸ਼ਵਰੇ ਨਾਲ PM-SETU ਤਹਿਤ ITIs ਦੀ ਚੋਣ ਦੀ ਅਗਵਾਈ ਕਰਦੇ ਹਨ। ਉਹ **ਉਦਯੋਗ ਸਾਂਝੇਦਾਰਾਂ ਦੇ ਸਹਿਯੋਗ ਨਾਲ ITIs ਦੇ ਅਪਗ੍ਰੇਡੇਸ਼ਨ ਲਈ ਪ੍ਰਸਤਾਵ ਪੇਸ਼ ਕਰਦੇ ਹਨ।** ਇਹ ਪ੍ਰਕਿਰਿਆ ਵਿੱਚ ਉੱਭਰ ਰਹੀਆਂ ਹੁਨਰ ਜ਼ਰੂਰਤਾਂ ਅਤੇ ਸਬੰਧਿਤ ਖੇਤਰਾਂ ਦੀ ਉਦਯੋਗਿਕ ਸਮਰੱਥਾ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।
- ਰਾਸ਼ਟਰੀ ਪੱਧਰ 'ਤੇ, **ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (MSDE)** ਨੇ **ਸਕੱਤਰ, ਐੱਮਐੱਸਡੀਈ ਦੀ ਪ੍ਰਧਾਨਗੀ ਵਿੱਚ ਇੱਕ ਰਾਸ਼ਟਰੀ ਸੰਚਾਲਨ ਕਮੇਟੀ (ਐੱਨਐੱਸਸੀ) ਦਾ ਗਠਨ ਕੀਤਾ ਹੈ**, ਜੋ ਯੋਜਨਾ ਲਈ ਸਮੁੱਚੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। NSC ਵਿਆਪਕ ਨੀਤੀਗਤ ਦਿਸ਼ਾ ਤੈਅ ਕਰਨ, ਸੰਚਾਲਨ ਸਬੰਧੀ ਦਿਸ਼ਾ-ਨਿਰਦੇਸ਼ਾਂ ਨੂੰ ਅੰਤਿਮ ਰੂਪ ਦੇਣ, ਲਾਗੂ ਕਰਨ ਦੀ ਨਿਗਰਾਨੀ ਕਰਨ ਅਤੇ ਜ਼ਰੂਰਤ ਪੈਣ 'ਤੇ ਜ਼ਰੂਰੀ ਸੁਧਾਰਾਤਮਕ ਕਦਮ ਚੁੱਕਣ ਵਿੱਚ ਸਹਿਯੋਗ ਕਰਦੀ ਹੈ।
- **ਚੋਣ ਪ੍ਰਕਿਰਿਆ ਵਿੱਚ ਉਦਯੋਗ ਦੀ ਭਾਗੀਦਾਰੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ**, ਜਿਸ ਦੇ ਤਹਿਤ ਸੰਭਾਵੀ ਸਾਂਝੇਦਾਰਾਂ ਨੂੰ ਰਣਨੀਤਕ ਨਿਵੇਸ਼ ਯੋਜਨਾ (SIP) ਪੇਸ਼ ਕਰਨਾ ਜ਼ਰੂਰੀ ਹੈ।

**SPVs ਰਾਹੀਂ ਉਦਯੋਗ-ਅਗਵਾਈ ਵਾਲਾ ਸ਼ਾਸਨ**

ਪੀਐਮ-ਸੇਤੂ ਉੱਨਤ ਆਈਟੀਆਈ ਕਲੱਸਟਰਾਂ ਲਈ **ਵਿਸ਼ੇਸ਼ ਮਕਸਦ ਵਾਲੇ ਵਾਹਨ (ਐੱਸਪੀਵੀ)** ਰਾਹੀਂ ਉਦਯੋਗ-ਅਗਵਾਈ ਵਾਲੇ ਸ਼ਾਸਨ ਦਾ ਪ੍ਰਾਵਧਾਨ ਕਰਦਾ ਹੈ। ਪ੍ਰਸਤਾਵਿਤ ਢਾਂਚੇ ਤਹਿਤ **ਐਂਕਰ ਇੰਡਸਟ੍ਰੀ ਪਾਰਟਨਰ ਨੂੰ 51 ਪ੍ਰਤੀਸ਼ਤ ਮਾਲਕੀ ਦਿੱਤੀ ਗਈ ਹੈ,** ਜਦੋਂ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੀ ਹਿੱਸੇਦਾਰੀ 24.5 ਪ੍ਰਤੀਸ਼ਤ ਹੈ।

SPV ਕਲਸਟਰ ਦੇ ਵਿਕਾਸ ਅਤੇ ਸੰਚਾਲਨ ਦੀ ਅਗਵਾਈ ਕਰਦੇ ਹਨ ਅਤੇ ਸਥਾਨਕ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਸਾਰ ਢੁਕਵੀਂਆਂ ਦਖਲਅੰਦਾਜ਼ੀਆਂ ਦਾ ਪ੍ਰਸਤਾਵ ਰੱਖਦਾ ਹੈ। ਇਨ੍ਹਾਂ ਦਖਲਅੰਦਾਜ਼ੀਆਂ ਵਿੱਚ ਪਾਠਕ੍ਰਮ, ਸਿਖਲਾਈ ਪ੍ਰਦਾਨ ਕਰਨ ਦੀ ਵਿਵਸਥਾ, ਬੁਨਿਆਦੀ ਢਾਂਚਾ ਅਤੇ ਉਦਯੋਗ ਨਾਲ ਪਰੀਚੈ ਵਰਗੇ ਖੇਤਰ ਸ਼ਾਮਲ ਹੋ ਸਕਦੇ ਹਨ।

**ਇੱਕ ਵਰ੍ਹੇ ਵਿੱਚ ਪੀਐੱਮ-ਸੇਤੂ: ਯੋਜਨਾ ਤੋਂ ਲਾਗੂ ਕਰਨ ਤੱਕ**

ਪੀਐੱਮ-ਸੇਤੂ ਦੇ ਪਹਿਲੇ ਵਰ੍ਹੇ ਦੌਰਾਨ ਲਾਗੂਕਰਨ ਨੇ ਸੰਸਥਾਗਤ ਤਿਆਰੀਆਂ ਅਤੇ ਆਈਟੀਆਈ ਦੀ ਪਛਾਣ ਤੋਂ ਅੱਗੇ ਵਧ ਕੇ ਆਈਟੀਆਈ ਕਲਸਟਰਾਂ ਅਤੇ ਐੱਸਆਈਪੀ ਨੂੰ ਮਨਜ਼ੂਰੀ ਦੇਣ ਤੱਕ ਤਰੱਕੀ ਕੀਤੀ ਹੈ। **ਕੁੱਲ 850 ਆਈਟੀਆਈ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿੱਚ 172 ਹੱਬ ਆਈਟੀਆਈ ਅਤੇ 678 ਸਪੋਕ ਆਈਟੀਆਈ ਸ਼ਾਮਲ ਹਨ।** 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਕਲਸਟਰਾਂ ਦੀ ਪਛਾਣ ਕਰ ਲਈ ਹੈ ਅਤੇ ਇਸ ਲਈ ਸਮਰਪਿਤ ਰਾਜ ਬਜਟ ਬਣਾਏ ਹਨ। ਇਸ ਤੋਂ ਇਲਾਵਾ, 35 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਲਾਗੂਕਰਨ ਦੇ ਮਾਰਗਦਰਸ਼ਨ ਅਤੇ ਨਿਗਰਾਨੀ ਲਈ ਆਪਣੀਆਂ ਰਾਜ ਸੰਚਾਲਨ ਕਮੇਟੀਆਂ ਦਾ ਗਠਨ ਕੀਤਾ ਹੈ। 26 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਉਦਯੋਗ ਦੀ ਭਾਗੀਦਾਰੀ ਨੂੰ ਸੱਦਾ ਦੇਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ।
ਐੱਨਐੱਸਸੀ ਨੇ ਪੀਐੱਮ-ਸੇਤੂ ਨੂੰ ਇਸ ਦੇ ਪਾਇਲਟ ਫੇਜ ਤੋਂ ਅੱਗੇ ਵਧਾ ਕੇ **ਪਛਾਣੇ ਗਏ ਸਾਰੇ 200 ਆਈਟੀਆਈ ਕਲਸਟਰਾਂ ਵਿੱਚ ਵਿਸ਼ਵ-ਵਿਆਪੀ ਪੱਧਰ 'ਤੇ ਲਾਗੂ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ।** ਇਸ ਵਿਸਥਾਰ ਦੇ ਤਹਿਤ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਉਦਯੋਗ ਦੀ ਤਿਆਰੀ ਅਤੇ ਲਾਗੂਕਰਨ ਸਮਰੱਥਾ ਦੇ ਅਧਾਰ 'ਤੇ ਯੋਜਨਾ ਨੂੰ ਲਾਗੂ ਕਰ ਸਕਣਗੇ।
ਪੀਐੱਮ-ਸੇਤੂ ਦੇ ਤਹਿਤ **14 ਆਈਟੀਆਈ ਕਲਸਟਰਾਂ ਲਈ 3,446 ਕਰੋੜ ਰੁਪਏ ਦੇ ਨਿਵੇਸ਼ ਵਾਲੀਆਂ ਰਣਨੀਤਕ ਨਿਵੇਸ਼ ਯੋਜਨਾਵਾਂ (ਐੱਸਆਈਪੀ) ਨੂੰ ਮਨਜ਼ੂਰੀ** ਦਿੱਤੀ ਗਈ ਹੈ।

| ਰਾਸ਼ਟਰੀ ਸੰਚਾਲਨ ਕਮੇਟੀ ਦੁਆਰਾ 8 ਰਾਜਾਂ ਅਤੇ 1 ਕੇਂਦਰ ਸ਼ਾਸਿਤ ਪ੍ਰਦੇਸ਼ ਦੀ 14 ਐੱਸਆਈਪੀਜ਼ ਨੂੰ ਮਨਜ਼ੂਰੀ | | | | | |
|---|---|---|---|---|---|
| **ਸੰਖਿਆ** | **ਰਾਜ** | **ਕਲਸਟਰ** | **ਐਂਕਰ ਇੰਡਸਟ੍ਰੀ ਪਾਰਟਨਰ (ਏਆਈਪੀ)** | **ਖੇਤਰ** | **ਕੀਮਤ (ਕਰੋੜ ਰੁਪਏ ਵਿੱਚ)** |
| 1 | ਆਂਧਰ ਪ੍ਰਦੇਸ਼ | ਕੰਚਰਾਪਾਲੇਮ | ਆਰਸਲਰ ਮਿੱਤਲ ਨਿੱਪੋਨ ਸਟੀਲ ਇੰਡੀਆ | ਸਟੀਲ ਅਤੇ ਮੈਟਲ | 200 |
| 2 | ਓਡੀਸ਼ਾ | ਕਿਉਂਝਰ-ਬਾਰਬਿਲ | ਜਿੰਦਲ ਨਵੀਨ ਅਵਸਰ ਲਿਮਿਟੇਡ (ਜੇਐੱਨਏਐੱਲ) | ਵਿਭਿੰਨ ਨਿਰਮਾਣ | 240 |
| 3 | ਗੁਜਰਾਤ | ਸੂਰਤ | ਆਰਸਲਰ ਮਿੱਤਲ ਨਿੱਪੋਨ ਸਟੀਲ ਇੰਡੀਆ ਲਿਮਿਟੇਡ | ਸਟੀਲ ਅਤੇ ਮੈਟਲ | 240 |
| 4 | ਤੇਲੰਗਾਨਾ | ਪੁਰਾਣਾ ਸ਼ਹਿਰ | ਅਪੋਲੋ ਮੈਡਸਕਿੱਲਸ ਲਿਮਿਟੇਡ | ਸਿਹਤ ਸੰਭਾਲ ਅਤੇ ਜੀਵ ਵਿਗਿਆਨ | 241 |
| 5 | ਤੇਲੰਗਾਨਾ | ਸਾਂਗਾਰੈੱਡੀ | **ਨਿਊਲੈਂਡ ਫਾਉਂਡੇਸ਼ਨ** | **ਔਸ਼ਧੀ ਅਤੇ ਰਸਾਇਣ** | 241 |
| 6 | ਤੇਲੰਗਾਨਾ | ਪਾਟਨਚੇਰੂ | **ਸ਼੍ਰੀ ਸਿਧਾਰਥ ਇਨਫ੍ਰਾਟੈੱਕ ਐਂਡ ਸਰਵਿਸਿਜ਼** | **ਵਿਭਿੰਨ ਨਿਰਮਾਣ** | 275 |
| 7 | **ਰਾਜਸਥਾਨ** | **ਭਿਵਾੜੀ** | **ਐੱਚ.ਜੀ .ਇਨਫ੍ਰਾ ਇੰਜੀਨੀਅਰਿੰਗ ਲਿਮਿਟੇਡ** | **ਬੁਨਿਆਦੀ ਢਾਂਚਾ ਅਤੇ ਨਿਰਮਾਣ** | 241 |
| 8 | **ਉੱਤਰ ਪ੍ਰਦੇਸ਼** | **ਮੇਰਠ** | **ਰਾਸ਼ਟਰੀ ਕੌਸ਼ਲ ਵਿਕਾਸ ਨਿਗਮ (ਐੱਨਐੱਸਡੀਸੀ)** | **ਕੌਸ਼ਲ ਵਿਕਾਸ** | 240 |
| 9 | **ਤੇਲੰਗਾਨਾ** | **ਮੇਡਚਲ** | **ਜ਼ੈੱਨ ਟੈਕਨੋਲੋਜਿਜ ਲਿਮਿਟੇਡ** | **ਰੱਖਿਆ ਅਤੇ ਇਲੈਕਟ੍ਰੌਨਿਕਸ** | 254 |
| 10 | **ਹਰਿਆਣਾ** | **ਕੁਰੂਕਸ਼ੇਤਰ** | ਜਿੰਦਲ ਨਵੀਨ ਅਵਸਰ ਲਿਮਿਟੇਡ (ਜੇਐੱਨਏਐੱਲ) | **ਵਿਭਿੰਨ ਨਿਰਮਾਣ** | 320 |

| | | | | | |
|---|---|---|---|---|---|
| 11 | **ਮਹਾਰਾਸ਼ਟਰ** | **ਛਤਰਪਤੀ ਸੰਭਾਜੀਨਗਰ** | **ਬੇਲਰਾਈਜ਼ ਇੰਡਸਟ੍ਰੀਜ਼** | ਆਟੋਮੋਟਿਵ ਉਦਯੋਗ | 238 |
| 12 | **ਮਹਾਰਾਸ਼ਟਰ** | **ਪੁਣੇ** | **ਬੀਵੀਜੀ ਗਰੁੱਪ** | **ਏਕੀਕ੍ਰਿਤ ਸੁਵਿਧਾ ਪ੍ਰਬੰਧਨ** | 241 |
| 13 | **ਜੰਮੂ ਅਤੇ ਕਸ਼ਮੀਰ** | **ਸ੍ਰੀਨਗਰ** | **ਇੰਦਰਦੀਪ ਇਨਫ੍ਰਾ ਇੰਡੀਆ ਲਿਮਿਟੇਡ** | **ਬੁਨਿਆਦੀ ਢਾਂਚਾ ਅਤੇ ਨਿਰਮਾਣ** | 235 |
| 14 | **ਜੰਮੂ ਅਤੇ ਕਸ਼ਮੀਰ** | **ਜੰਮੂ** | **ਈਗਲ ਇਨਫ੍ਰਾ ਇੰਡੀਆ ਲਿਮਿਟੇਡ** | **ਬੁਨਿਆਦੀ ਢਾਂਚਾ ਅਤੇ ਨਿਰਮਾਣ** | 240 |
| ਕੁੱਲ 3,446 ਕਰੋੜ ਰੁਪਏ | | | | | |




## ਕੌਸ਼ਲ ਵਿਕਾਸ ਦੇ ਦਾਇਰੇ ਦਾ ਵਿਸਥਾਰ

**ਕਾਰਜਬਲ ਦੀਆਂ ਉਭਰਦੀਆਂ ਜ਼ਰੂਰਤਾਂ ਲਈ ਨਵੇਂ ਦੌਰ ਦੇ ਕੋਰਸ**

ਬੁਨਿਆਦੀ ਢਾਂਚੇ ਅਤੇ ਸੰਸਥਾਗਤ ਸੁਧਾਰਾਂ ਦੇ ਪੂਰਕ ਵਜੋਂ, ਪੀਐੱਮ-ਸੇਤੂ ਦਾ ਧਿਆਨ ਵੋਕੇਸ਼ਨਲ ਟ੍ਰੇਨਿੰਗ ਨੂੰ ਉਭਰਦੀਆਂ ਤਕਨਾਲੋਜੀਆਂ ਅਤੇ ਕਾਰੋਬਾਰਾਂ ਪ੍ਰਤੀ ਵਧੇਰੇ ਜਵਾਬਦੇਹੀ ਬਣਾਉਣ 'ਤੇ ਵੀ ਹੈ। **ਡਾਇਰੈਕਟੋਰੇਟ ਜਨਰਲ ਆਫ ਟ੍ਰੇਨਿੰਗ (DGT) ਨੇ ਕ੍ਰਾਫਟਸਮੈਨ ਟ੍ਰੇਨਿੰਗ ਸਕੀਮ ਦੇ ਤਹਿਤ 32 ਨਵੇਂ ਦੌਰ ਦੇ ਪਾਠਕ੍ਰਮ ਸ਼ੁਰੂ ਕੀਤੇ ਹਨ, ਜਿਨ੍ਹਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ, ਸਾਈਬਰ ਸੁਰੱਖਿਆ, ਐਡਿਟਿਵ ਮੈਨੂਫੈਕਚਰਿੰਗ, ਇਲੈਕਟ੍ਰਿਕ ਵ੍ਹੀਕਲ, ਸੈਮੀਕੰਡਕਟਰ ਤਕਨਾਲੋਜੀ, ਰੋਬੋਟਿਕਸ, ਗ੍ਰੀਨ ਹਾਈਡ੍ਰੋਜਨ, ਡਰੋਨ, ਇੰਟਰਨੈੱਟ ਆਫ ਥਿੰਗਸ (ਆਈਓਟੀ) ਸੋਰ ਊਰਜਾ, 5ਜੀ ਅਤੇ ਸੌਫਟਵੇਅਰ ਟੈਸਟਿੰਗ** ਵਰਗੇ ਖੇਤਰ ਸ਼ਾਮਲ ਹਨ। ਰਾਜ ਇਨ੍ਹਾਂ ਕੋਰਸਾਂ ਨੂੰ ਆਪਣੇ ਆਈਟੀਆਈ ਵਿੱਚ ਅਪਣਾ ਸਕਦੇ ਹਨ, ਜੋ ਉਨ੍ਹਾਂ ਦੇ ਪ੍ਰਸ਼ਾਸਨਿਕ ਅਤੇ ਵਿੱਤੀ ਨਿਯੰਤਰਣ ਦੇ ਅਧੀਨ ਹਨ।

## ਉੱਨਤ ਕੌਸ਼ਲ ਵਿਕਾਸ ਲਈ ਅੰਤਰਰਾਸ਼ਟਰੀ ਸਾਂਝੇਦਾਰੀਆਂ

ਪੀਐੱਮ-ਸੇਤੂ ਦੇ ਤਹਿਤ ਕੌਸ਼ਲ ਵਿਕਾਸ ਲਈ ਰਾਸ਼ਟਰੀ ਉੱਤਮਤਾ ਕੇਂਦਰਾਂ ਦੀ ਸਮਰੱਥਾ ਨੂੰ ਮਜ਼ਬੂਤੀ ਦੇਣ ਅਤੇ ਟ੍ਰੇਨਿੰਗ ਨੂੰ ਆਲਮੀ ਮਿਆਰਾਂ ਦੇ ਅਨੁਸਾਰ ਬਣਾਉਣ ਲਈ ਅੰਤਰਰਾਸ਼ਟਰੀ ਸਾਂਝੇਦਾਰੀਆਂ ਦਾ ਵੀ ਪ੍ਰਾਵਧਾਨ ਕੀਤਾ ਗਿਆ ਹੈ। ਐੱਨਐੱਸਟੀਆਈ ਚੇੱਨਈ ਲਈ ਸਿੰਗਾਪੁਰ, ਐੱਨਐੱਸਟੀਆਈ ਕਾਨਪੁਰ ਲਈ ਫਰਾਂਸ ਅਤੇ ਐੱਨਐੱਸਟੀਆਈ ਭੁਵਨੇਸ਼ਵਰ ਲਈ ਆਸਟ੍ਰੇਲੀਆ ਦੇ ਨਾਲ

ਸਹਿਮਤੀ ਪੱਤਰ (ਐੱਮਓਯੂ) ‘ਤੇ ਹਸਤਾਖਰ ਕੀਤੇ ਗਏ ਹਨ। ਇਸ ਤੋਂ ਇਲਾਵਾ, ਐੱਨਐੱਸਟੀਆਈ ਹੈਦਰਾਬਾਦ ਦੇ ਲਈ ਜਰਮਨੀ ਨਾਲ ਜੁਆਇੰਟ ਡੈਕਲੇਰੇਸ਼ਨ ਆਫ ਇੰਟੈਂਟ ਦਾ ਅਦਾਨ-ਪ੍ਰਦਾਨ ਕੀਤਾ ਗਿਆ ਹੈ।

**ਕੌਸ਼ਲ ਤੋਂ ਰੁਜ਼ਗਾਰ ਤੱਕ ਦੇ ਮਾਰਗ ਨੂੰ ਮਜ਼ਬੂਤ ਕਰਨਾ**

ਪੀਐੱਮ-ਸੇਤੂ ਆਧੁਨਿਕ ਬੁਨਿਆਦੀ ਢਾਂਚੇ, ਉਦਯੋਗ ਦੀ ਭਾਈਵਾਲੀ ਅਤੇ ਮੰਗ-ਅਧਾਰਿਤ ਟ੍ਰੇਨਿੰਗ ਰਾਹੀਂ ਭਾਰਤ ਦੇ ਵੋਕੇਸ਼ਨਲ ਟ੍ਰੇਨਿੰਗ ਸਿਸਟਮ ਨੂੰ ਮਜ਼ਬੂਤ ਕਰ ਰਿਹਾ ਹੈ। ਇਸ ਦੇ ਲਾਗੂਕਰਨ ਨਾਲ ਸਰਕਾਰੀ ਆਈਟੀਆਈ ਅਤੇ ਐੱਨਐੱਸਟੀਆਈ ਨੂੰ ਕਾਰਜਬਲ ਦੀਆਂ ਬਦਲਦੀਆਂ ਲੋੜਾਂ ਦੇ ਹੋਰ ਨੇੜੇ ਲਿਆਂਦਾ ਜਾ ਰਿਹਾ ਹੈ। ਇਹ ਪਹਿਲ ਨਵੇਂ ਦੌਰ ਦੇ ਕੌਸ਼ਲ, ਅੰਤਰਰਾਸ਼ਟਰੀ ਮੁਹਾਰਤ ਅਤੇ ਸ਼ੁਰੂਆਤੀ ਪੇਸ਼ੇਵਰ ਤਜ਼ਰਬੇ ਤੱਕ ਪਹੁੰਚ ਦਾ ਵੀ ਵਿਸਥਾਰ ਕਰ ਰਹੀ ਹੈ। ਇਨ੍ਹਾਂ ਸਾਰੇ ਉਪਾਵਾਂ ਨਾਲ ਮਿਲ ਕੇ ਭਾਰਤ ਦੇ ਨੌਜਵਾਨਾਂ ਲਈ ਵਧੇਰੇ ਮਜ਼ਬੂਤ, ਆਪਸੀ ਜੁੜਿਆ ਹੋਇਆ ਅਤੇ ਉਦਯੋਗ ਦੀਆਂ ਜ਼ਰੂਰਤਾਂ ਪ੍ਰਤੀ ਜਵਾਬਦੇਹ ਕੌਸ਼ਲ ਵਿਕਾਸ ਮਾਰਗ ਤਿਆਰ ਕਰਨ ਵਿੱਚ ਸਹਾਇਤਾ ਮਿਲ ਰਹੀ ਹੈ।

**ਹਵਾਲੇ**


**Ministry of Skill Development and Entrepreneurship**
https://dgt.gov.in/sites/default/files/2025-01/NCVT_Affiliation_norms_ITIs.pdf
https://pmsetu.nimi.co.in/about-us
https://pm-setu.skillindiadigital.gov.in/
https://www.pib.gov.in/PressReleasePage.aspx?PRID=2246879&lang=1&reg=1
https://www.pib.gov.in/PressReleasePage.aspx?PRID=2286584&reg=48&lang=2
https://www.pib.gov.in/PressReleasePage.aspx?PRID=2222121&reg=3&lang=1
https://www.pib.gov.in/PressReleaseDetail.aspx?PRID=2208158&reg=6&lang=1
https://www.pib.gov.in/PressReleaseDetail.aspx?PRID=2238234&reg=6&lang=1
https://www.pib.gov.in/PressReleasePage.aspx?PRID=2246879&lang=1&reg=1
https://www.pib.gov.in/PressReleasePage.aspx?PRID=2291100&lang=1&reg=3
https://sansad.in/getFile/lsapps/loksabhaquestions/annex/188/AS206_AQ2o13.pdf?source=lsapps
https://www.pib.gov.in/PressReleaseDetail.aspx?PRID=2281937&reg=6&lang=1
https://www.pib.gov.in/PressReleseDetailm.aspx?PRID=2307775&lang=1&reg=3
https://www.pib.gov.in/PressReleaseDetail.aspx?PRID=2312980&reg=6&lang=1
https://www.pib.gov.in/PressReleasePage.aspx?PRID=2174932&reg=48&lang=2

**Prime Minister's Office (PMO)**
https://www.pmindia.gov.in/en/news_updates/pm-to-unveil-various-youth-focused-initiatives-worth-more-than-rs-62000-crore-on-4th-october
**PM-SETU: One Year of Transforming India’s ITIs**


******

**ਪੀਆਈਬੀ ਰਿਸਰਚ/ਬਲਜੀਤ ਸਿੰਘ**